UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਅਪ੍ਰੈਲ-ਜੂਨ 2020



ਮੁੱਲ : 75 ਰੁਪਏ

Scanned with OKEN Scanner

RNI : JKPUN/2002/6333

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

ਸਾਲ : 19 ਅੰਕ : 4 - 6

ਅਪ੍ਰੈਲ-ਜੂਨ 2020

ਸੰਪਾਦਕ
ਬਲਜੀਤ ਸਿੰਘ ਰੈਨਾ
ਮੋਬਾ : 97976-57211
ਸੰਪਾਦਕ ਮੰਡਲ
ਡਾ. ਮੋਨੋਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834
ਸਹਾਇਕ ਸੰਪਾਦਕ
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940
ਕਨੇਡਾ ਪ੍ਰਤੀਨਿਧ
ਡਾ. ਅਰਵਿੰਦਰ ਕੌਰ
ਮੋਬਾ : +1 416-450-0554

ਈਮੇਲ : baljeetraina58@gmail.com
ਮੁੱਲ : ਇਕ ਕਾਪੀ 75 ਰੁਪਏ
ਡਾਕ ਦੁਆਰਾ 100 ਰੁਪਏ
ਦੇਸ਼ ਸਲਾਨਾ : 300 ਰੁਪਏ
ਡਾਕ ਦੁਆਰਾ : 400 ਰੁਪਏ
ਜੀਵਨਸਾਥ : 5000 ਰੁਪਏ
ਵਿਦੇਸ਼ ਸਲਾਨਾ : 30 ਡਾਲਰ, 15 ਪੌਂਡ
ਜੀਵਨ ਸਾਥ : 500 ਡਾਲਰ, 250 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

* ਆਨਰੇਰੀ

## ਤਰਤੀਬ

ਸੰਪਾਦਕੀ : ਸੰਸਾਰ ਦੀ ਸਭ ਤੋਂ ਵੱਡੀ ਮਹਾਮਾਰੀ ਕੋਵਿਡ-19/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/2
ਡਾਇਰੀ : ਮੈਂ ਤੇ ਕਿਤਾਬਾਂ-3/*ਡਾ. ਮੋਨੋਜੀਤ*/4
ਨਾਵਲ ਅੰਸ਼ : ਮੁਹੱਬਤ/*ਬਲਜੀਤ ਸਿੰਘ ਰੈਨਾ*/6
ਕਹਾਣੀ : ਬੈਕਵਾਟਰ/*ਗੁਰਦੀਪ ਕੌਰ*/16
ਸਰਨੇਮ/*ਜੰਗ ਐਸ. ਵਰਮਨ*/22
ਹਿੰਦੀ ਕਹਾਣੀ : ਜੰਗਲ ਪੁਰਾਣ/*ਡਾ. ਨਾਮਦੇਵ*/26
ਜੀ ਆਇਆਂ ਨੂੰ : ਅਧੂਰੇ ਸੁਪਨੇ/*ਪ੍ਰਭਜੋਤ ਕੌਰ*/30
ਖੋਜ ਪੱਤਰ : ਕਸ਼ਮੀਰੀ ਹਸਤਕਲਾ ਦੇ ਮੰਡੀਕਰਨ ਦਾ .../*ਡਾ. ਦਰਿਆ*/32
'ਲਹੂ ਭਰੀਆਂ ਯਾਦਾਂ' ਇਕ ਸੰਸਮਰਨ .../*ਹਰਸਿਮਰਨ ਸਿੰਘ*/34
ਭਾਰਤੀ ਗਿਆਨ ਪਰੰਪਰਾ ਵਿਚ ਬੈਰਾਗ (ਵੈਰਾਗ)/*ਅਮਰੀਕ ਸਿੰਘ*/37
ਨਕਸ਼ਬੰਦੀ ਸੂਫ਼ੀ ਸੰਪਰਦਾਇ : ਇਤਿਹਾਸਿਕ .../*ਮਨਦੀਪ ਸਿੰਘ*/41
ਗੁਰੂ ਨਾਨਕ ਦੇਵ ਜੀ : ਨਵ ਸਮਾਜ ਦੇ ਸਿਰਜਕ/*ਡਾ. ਪ੍ਰਭਜੀਤ ਕੌਰ*/44
ਸੁਪਨਿਆਂ ਦੀ ਪੂਰਤੀ ਦਾ ਤਲਾਸ਼ਮਈ/*ਡਾ. ਅਰਵਿੰਦਰ ਕੌਰ ਕਾਕੜਾ*/48
ਪੰਜਾਬੀ ਭਾਸ਼ਾ : ਵਰਤਮਾਨ ਦ੍ਰਿਸ਼ ਅਤੇ ਦ੍ਰਿਸ਼ਟੀ/*ਡਾ. ਮਨਜਿੰਦਰ ਸਿੰਘ*/51
ਗੁਰੂ ਨਾਨਕ ਦੀ ਵਿਚਾਰਧਾਰਾ : .../*ਡਾ. ਸਵਰਣ ਜੀਤ ਕੌਰ*/55
ਖੋਜਕਾਰੀ ਦਾ ਸਰੂਪ "ਬਰਤਾਨਵੀ ਪੰਜਾਬੀ ਕਹਾਣੀ.../*ਡਾ. ਹਰਜੋਤ ਕੌਰ*/58
ਕਬੀਰ-ਕਾਵਿ ਪ੍ਰਤਿਰੋਧੀ ਪ੍ਰਵਚਨ/*ਡਾ. ਹਰਪ੍ਰੀਤ ਸਿੰਘ*/64
ਗ਼ਦਰ ਸਾਹਿਤ ਪਰਵਾਸ ਤੋਂ ਅੰਦੋਲਨ ਤੱਕ : ਇਕ ਦਾਸਤਾਨ/*ਡਾ. ਬਲਜੀਤ ਸਿੰਘ ਵਿਰਕ*/67
ਵਿਸ਼ਵੀਕਰਨ ਅਤੇ ਪੰਜਾਬੀ ਨਾਵਲ/*ਗੁਰਪ੍ਰੀਤ ਕੌਰ*/73
ਸਪਨਮਾਲਾ ਦੀ ਕਵਿਤਾ - ਇਕ ਅਧਿਐਨ/*ਡਾ. ਬਲਜੀਤ ਕੌਰ*/76
ਬੱਚਿਆਂ ਅੰਦਰ ਮਜ਼ਬੂਤ ਸੰਸਕਾਰ ਪੈਦਾ ਕਰਨ.../*ਡਾ. ਕਮਲਜੀਤ ਕੌਰ*/78
ਸ਼ਸ਼ੀ ਸਮੁੰਦਰਾ ਦੇ ਕਾਵਿ-ਸੰਗ੍ਰਹਿ .../*ਮਨਪ੍ਰੀਤ ਬਾਵਾ*/80
ਪੁਰਾਤਨ ਜਨਮਸਾਖੀ : ਨਾਇਕ ਬਿੰਬ/*ਅਮਾਨਤ ਮਸੀਹ*/84
ਪੂਰਬੀ ਅਤੇ ਪੱਛਮੀ ਮਨੋਵਿਗਿਆਨ ਇੱਕ ਤੁਲਨਾਤਮਿਕ ਅਧਿਐਨ/*ਰਾਜਵੀਰ ਸਿੰਘ*/90
ਅਜੀਤ ਸਿੰਘ ਮਸਤਾਨਾ ਦਾ ਗ਼ਜ਼ਲ ਸੰਗ੍ਰਹਿ .../*ਗੁਰਪ੍ਰੀਤ ਕੌਰ*/94
ਹਿੰਦੀ ਕਵਿਤਾਵਾਂ : ਕਲਾ ਅਤੇ ਚਿੱਤਰ/*ਸਰੋਜ ਬਾਲਾ*/98
ਮਜ਼ਦੂਰ ਦਿਵਸ ਨੂੰ ਸਮਰਪਿਤ/*ਡਾ. ਸਨੋਬਰ ਚਿੱਬ*/99
ਲੇਖ : ਪੜ੍ਹਨਯੋਗ ਪੁਸਤਕਾਂ : ਨਾਜ਼ੀਵਾਦ ਦੇ ਜ਼ੁਲਮਾਂ.../*ਡਾ. ਅਰਵਿੰਦਰ ਕੌਰ*/100

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina**

Scanned with OKEN Scanner

# ਸਪਨਮਾਲਾ ਦੀ ਕਵਿਤਾ - ਇਕ ਅਧਿਐਨ



— ਡਾ. ਬਲਜੀਤ ਕੌਰ —

ਸਪਨਮਾਲਾ ਦਾ ਜਨਮ ਜੰਮੂ ਸਹਿਰ ਵਿਖੇ ਪਹਿਲੀ ਅਪ੍ਰੈਲ 1927 ਈ. ਵਿੱਚ ਇਕ ਰੱਜੇ ਪੁਜੇ ਡੋਗਰਾ ਪਰਿਵਾਰ ਵਿੱਚ ਹੋਇਆ। ਇਹ ਉਸ ਦੀ ਖੁਸਕਿਸਮਤੀ ਸੀ ਕਿ ਜਿਸ ਘਰ ਉਸਦਾ ਜਨਮ ਹੋਇਆ ਉਥੇ ਸਾਹਿਤ ਰਚਨਾ ਪਹਿਲੇ ਹੀ ਜਨਮ ਲੈ ਚੁਕੀ ਸੀ। ਉਸ ਦੇ ਪਿਤਾ ਪੰਡਿਤ ਅਮਰਨਾਥ 'ਸਹੀਦ' ਰਿਆਸਤ ਵਿੱਚ ਉੱਚੇ ਅਧਿਕਾਰੀਆਂ ਵਿੱਚੋਂ ਸਨ ਅਤੇ ਉਰਦੂ ਦੇ ਚੰਗੇ ਕਵੀ ਸਨ। ਉਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ ਸਨ। ਇਸੇ ਲਈ ਸਾਹਿਤਿਕ ਲਗਨ ਸਪਨਮਾਲਾ ਨੂੰ ਵਿਰਸੇ ਵਿੱਚੋਂ ਮਿਲੀ ਸੀ। ਸਪਨਮਾਲਾ ਦੀ ਛੋਟੀ ਉਮਰ ਦਾ ਕਾਫੀ ਸਮਾਂ ਲੱਦਾਖ ਵਿਖੇ ਬੀਤਿਆ ਅਤੇ ਉਸਦੇ ਬਾਅਦ ਪਤੀ ਵਿਜੈ ਸੁਮਨ ਸੋਸਨ ਨਾਲ ਲਦਾਖੋਂ ਵਾਪਿਸ ਆਉਣ 'ਤੇ ਇਧਰ ਦੀ ਭਾਸਾ ਸਿਖਣ ਲਈ ਉਸਨੂੰ ਦੋ ਭਾਸਾਵਾਂ ਦੀ ਲੋੜ ਪਈ ਅਤੇ ਪੰਜਾਬੀ ਦਾ ਪਹਿਲਾ ਸਬਦ ਬਾਰ੍ਹਾਮੂਲੇ ਵਿਖੇ ਸਿਖਿਆ। ਜਸਵੰਤ ਸਿੰਘ ਰਾਹੀ ਡੇਰਾ ਬਾਬਾ ਨਾਨਕ ਦੀ ਪ੍ਰੇਰਨਾ ਅਤੇ ਉਤਸਾਹ ਨਾਲ ਸਪਨਮਾਲਾ ਨੇ ਪੰਜਾਬੀ ਵਿੱਚ ਸਅਿਰ ਕਹਿਏ ਅਤੇ ਲਿਖਦਾ ਸ਼ੁਰੂ ਕੀਤਾ।

ਸਪਨਮਾਲਾ ਦੀ ਕਾਵਿ ਕਲਾ ਦੀ ਪ੍ਰਮੁੱਖਤਾ ਉਸ ਦੀ ਸਰੋਦੀ ਸੁਰ ਵਿੱਚ ਹੈ। ਕਿਉਂਕਿ ਉਸ ਦੀ ਕਵਿਤਾ ਵਿੱਚ ਸਰੋਦੀ ਲੱਛ ਮੌਜੂਦ ਹਨ। ਵਿਦਵਾਨਾ ਦੀ ਇਕ ਬਹੁਤ ਵੱਡੀ ਧਿਰ ਸਰੋਦੀ ਕਾਵਿ ਉਸ ਨੂੰ ਮੰਨਦੀ ਹੈ ਜਿਸ ਵਿੱਚ ਕਵੀ ਦੇ ਸਵੈਜੀਵਨਕ ਅਨੁਭਵ ਦਾ ਹੀ ਪ੍ਰਗਟਾਵਾ ਹੋਏ। ਇਸ ਤਰ੍ਹਾਂ ਸਾਰਾ ਕਾਵਿ ਹੀ ਕਵੀ ਦੇ ਅਨੁਭਵ ਦਾ ਪ੍ਰਗਟਾਵਾ ਹੈ। ਪਰ ਸਰੋਦੀ ਕਾਵਿ ਦਾ ਮਹੱਤਵ ਉਸ ਦੇ ਭੋਗੇ ਅਨੁਭਵ ਵਿੱਚੋਂ ਪਛਾਣਿਆਂ ਜਾਂਦਾ ਹੈ। ਇਸ ਤਰ੍ਹਾਂ ਕਵਿਤਾ ਦੀ ਵਰਨਣ ਪਧਤੀ ਉੱਤਮ ਪੁਰਖੀ ਹੰਦੀ ਹੈ। ਇਸ ਨੁਕਤੇ ਨੂੰ ਸਰਲ ਕਰਨ ਲਈ ਸਪਨਮਾਲਾ ਦਾ ਇਕ ਸਅਿਰ ਇਸ ਤਰ੍ਹਾਂ ਹੈ :-

ਜਿਸ ਦਿਨ ਤੋਂ ਤੇਰੇ ਨਾਮ ਦਾ ਹਾਂ ਵਿਰਦ ਕਰ ਰਹੀ
ਉਸ ਦਿਨ ਤੋਂ ਜਾਪਦੇ ਨੇ ਮੇਰੇ ਸਾਹ ਨਵੇਂ ਨਵੇਂ।

ਇਸ ਸਅਿਰ ਨੂੰ ਸੁਣਨ ਵਾਲਾ ਬਿਨਾਂ ਕਿਸੇ ਸੰਕੋਚ ਦੇ ਕਹਿ ਸਕਦਾ ਹੈ ਕਿ ਇਸ ਵਿੱਚ 'ਮੇਰੇ' ਸਬਦ ਦਾ ਮਤਲਬ ਸਪਨਮਾਲਾ ਹੈ। ਇਸੇ ਤਰ੍ਹਾਂ ਇਕ ਹੋਰ ਸਅਿਰ ਹੈ :

ਤੁਸੀ ਰਾਤ ਕਹਿ ਗਏ ਸੀ, ਆਵਾਗਾਂ ਮੁੜਕੇ ਰਾਤੀਂ
ਉਹ ਰਾਤ ਹੀ ਨਾ ਆਈ, ਮੈਂ ਮੁੜ ਨਾ ਸੁਤੀ ਰਾਤੀਂ।

ਇਕ ਹੋਰ ਉਦਹਾਰਏ :-

ਮੈਂ ਉਸਦੀ ਸਿਕ ਵਿਚ, ਹਰ ਰਾਤ ਦੀ ਨੀਂਦਰ ਗੰਵਾਈ ਏ
ਉਸਦੀ ਛੁਹ ਦੀ ਲੋਚਨ ਲੋਚਦੇ ਉਮਰਾਂ ਵਿਹਾਈ ਏ।

ਸਪਨਮਾਲਾ ਦਾ ਇਹ 'ਮੈਂ' ਇਕ ਜਾਂ ਦੋ ਸਅਿਰਾਂ ਵਿੱਚ ਨਹੀਂ ਲਗਭਗ ਸਾਰੇ ਕਾਵਿ 'ਤੇ ਛਾਇਆ ਹੋਇਆ ਹੈ।

ਸਪਨਮਾਲਾ ਨੇ 1951 ਈ. ਤੋਂ ਹੀ ਪੰਜਾਬੀ ਵਿੱਚ ਲਿਖਣ ਸ਼ੁਰੂ ਕਰ ਦਿਤਾ ਸੀ। ਉਸਦਾ ਪਹਿਲਾ ਕਾਵਿ ਸੰਗ੍ਰਹਿ 1960 ਈ. ਵਿੱਚ ਪ੍ਰਕਾਸਤਿ ਹੋਇਆ। ਉਸਤੋਂ ਅਗੇ ਨਿਰੰਤਰ ਪੰਜਾਬੀ ਵਿੱਚ ਕਵਿਤਾ ਕਹਿੰਦੀ ਰਹੀ। ਉਸਦੀ ਕਾਵਿ ਰਚਨਾਵਾਂ ਇਸ ਪ੍ਰਕਾਰ ਹਨ :- 'ਬਾਤਾਂ ਪਾਉਂਦੀ ਰਾਤ', 1960 ਵਿੱਚ ਫਾਰਸੀ ਲਿਪੀ ਵਿੱਚ ਛੱਪੀ। 'ਸੁਪਨਿਆਂ ਦੀ ਮਾਲਾ', ਗੁਰਮੁਖੀ ਲਿਪੀ ਵਿੱਚ 1961 ਵਿੱਚ ਪ੍ਰਕਾਸਤਿ ਹੋਈ। "ਤਾਰਿਆਂ ਭਰੇ ਹੁੰਗਾਰੇ, ਫਾਰਸੀ ਲਿਪੀ ਵਿੱਚ 1966 ਵਿੱਚ ਪ੍ਰਕਾਸਤਿ ਰੂਪ ਵਿੱਚ ਆਈ। 'ਅੰਬਰ ਚੁਪ ਰਿਹਾ ਵੀ ਫਾਰਸੀ ਲਿਪੀ ਵਿੱਚ 1970 ਵਿੱਚ ਛੱਪੀ। 'ਹਾੜੇ ਧਰਤੀ ਦੇ' ਦੇਵਨਾਗਰੀ ਲਿਪੀ ਵਿੱਚ 1979 ਵਿੱਚ ਆਈ। ਸਪਨਮਾਲਾ ਆਪਈ ਪੁਸਤਕ 'ਅੰਬਰ ਚੁਪ ਰਿਹਾ', ਦੀ ਭੂਮਿਕਾ ਵਿੱਚ ਲਿਖਦਿਆਂ ਆਪਈ 'ਮੈਂ' ਨੂੰ ਇਸ ਤਰ੍ਹਾਂ ਜੋੜਦੀ ਹੈ – "ਮੈਂ ਬਾਤਾਂ ਪਾਉਂਦੀ ਰਾਤ ਮਗਰੋਂ ਸੁਪਨਿਆਂ ਦੀ ਮਾਲਾ ਗੁੰਦੀ ਤੇ ਤਾਰਿਆਂ ਨੂੰ ਭੇਟ ਕਰ ਦਿੱਤੀ, ਤਾਰਿਆਂ ਬੜੀ ਇਜਤ ਨਾਲ ਪ੍ਰਵਾਨ ਕਰ ਲਈ ਤੇ ਮੇਰੀ ਗੱਲ ਦੇ ਹੁੰਗਾਰੇ ਵੀ ਭਰੇ, ਪਰ ਇਹ ਅੰਬਰ, ਇਹਨੂੰ ਕੀ ਆਖਾਂ? ਇਹ ਚੁਪ ਹੀ ਰਹਿਣਾ ਸੀ ਤੇ ਚੁਪ ਹੀ ਰਿਹਾ। ਇਸ ਨੇ ਮੇਰੀ ਕਿਸੇ ਪੀੜ ਦਾ ਕਿਸੇ ਹੌਕੇ ਦਾ, ਕਿਸੇ ਹਾਸੇ ਦਾ, ਕਿਸੇ ਰੋਏ ਦਾ, ਕੋਈ ਪਰਤਾ, ਦਿਲਾਸਾ ਨਹੀਂ ਦਿਤਾ।"

ਸਪਨਮਾਲਾ ਸਚਮੁਚ ਆਪਣੇ ਹੀ ਅਨੁਭਵ ਦਾ ਵਰਨਣ ਕਰਦੀ ਨਜਰ ਆਉਂਦੀ ਹੈ। ਆਪਈਆਂ ਟੀ ਪੀੜਾਂ, ਹੌਕੇ ਅਤੇ ਵੇਦਨਾ ਦਾ ਜਿਕਰ ਕਰ ਰਹੀ ਹੈ। "ਅੰਬਰ ਚੁਪ ਰਿਹਾ" ਤੱਕ ਉਸਦੀ ਕਵਿਤਾ ਉਹਦੇ ਆਪਣੇ ਨਿਜੀ ਹਾਵਾਂ-ਭਾਵਾਂ ਦਾ ਹੀ ਪ੍ਰਗਟਾਵਾ ਪ੍ਰਤੀਤ ਹੁੰਦਾ ਹੈ।

ਸਪਨਮਾਲਾ ਦੀ ਕਵਿਤਾ ਵਿੱਚ ਇਸ ਸੰਤਾਪ ਜਾਂ ਵੇਦਨਾ ਦੇ ਸੁਭਾਉ ਅਤੇ ਕਾਰਜ ਬਾਰੇ ਹੋਰ ਕੁਝ ਕਹਿਏ ਤੋਂ ਪਹਿਲਾਂ ਇਸ ਪੀੜਾ ਦੀ ਇਕ ਮਿਸਾਲ ਦੇਈ ਜਰੂਰੀ ਸਮਝਦੀ ਹਾਂ :-

ਧਰਤੀ ਨੂੰ ਹਰ ਵੇਦਨ ਵਿਆਪੀ, ਲਖਾਂ ਵਾਰੀ ਬਹਾਰ ਸਰਾਪੀ
ਸਮੇਂ ਸਿਖਾਈ ਆਪੋ ਧਾਪੀ, ਅੰਬਰ ਚੁਪ ਰਿਹਾ
ਬੈਠਾ ਮਾਰ ਕੇ ਝੰਗਲ ਮਾਏ, ਹਰ ਰੂਹ ਦੇ ਜੁਸੇ ਝਰਨਾਏ
ਹਰ ਇਕ ਦਿਲ ਦੇ ਦਾਗ਼ਾ ਡਰਾਕੇ, ਅੰਬਰ ਚੁਪ ਰਿਹਾ
ਫੁਲਾਂ ਤੋਂ ਖਿੰਡੀ ਖੁਸਬੋਈ, ਸਬਨਮ ਅਖਾਂ ਭਰ ਭਰ ਰੋਈ
ਕਲੀਆਂ ਦੀ ਬਿਰਥਾ ਅਰਜੋਈ, ਅੰਬਰ ਚੁਪ ਰਿਹਾ।

ਇਸ ਪੀੜਾ ਦਾ ਅਨੁਭਵ ਆਪਣੇ ਆਪ ਵਿੱਚ ਇਕ ਏਕਾਲਾਪ (MONOLOGUE) ਹੈ। ਪੀੜਾ ਦੀ ਆਵਾਜ ਅਤੇ ਅੰਬਰ ਦੀ

ਚੁਪ ਹੀ ਸਪਨਮਾਲਾ ਦੀ ਕਾਵਿ ਦਾ ਪ੍ਰਮੁੱਖ ਸਰੋਦੀ ਤਨਾਉ ਹੈ। ਜਿਵੇਂ :-

ਅਸਾਂ ਲਖਾਂ ਕੀਰਨੇ ... ਚੁਪ ਰਿਹਾ
ਅਸੀਂ ਰੋ ਰੋ ਹਾਲ ... ਚੁਪ ਰਿਹਾ

ਸਪਨਮਾਲਾ ਦੀ ਕਵਿ... ਸੁਰ ਰੁਮਾਂਟਿਕ ਹੈ ਅਤੇ ਇਸੇ ਕਾਰਣ ਉਸਦੀ ਕਵਿ... ਦੇ ਆਵੇਸ਼ ਵਿੱਚ ਡੁਲਦੇ ਜਜਬਾਤਾਂ ਨੂੰ ਆਪਈ ਕ... ਵਿੱਚ ਲੈ ਆਉਂਦੀ ਹੈ

ਅਤੇ ਹਰ ਸਥਿਤੀ ਦਾ ਵਰਣਨ ਕਰਦਿਆਂ ਇਕ ਐਸਾ ਮਾਹੌਲ ਸਿਰਜ ਜਾਂਦੀ ਹੈ ਜੋ ਪਾਠਕ ਨੂੰ ਕੀਲ ਜਾਂਦੀ ਹੈ। ਜਿਵੇਂ ਕਾਵਿ ਪੰਕਤੀਆਂ ਤੋਂ ਪ੍ਰਤੱਖ ਪ੍ਰਗਟ ਹੁੰਦਾ ਹੈ :-

1. ਮੇਰੇ ਦਿਲ ਨੂੰ ਸਾਵਣ ਭਾਂਦਾ ਨਹੀਂ
ਮਾਹੀ ਏਸ ਰੁਤੇ ਘਰ ਆਂਦਾ ਨਹੀਂ
ਕਦੀ ਮਿਲ ਕੇ ਪੀਘਾਂ ਪਾਂਦਾ ਨਹੀਂ
ਤਕ ਕਲੀਆਂ ਅੰਬਰ ਹਸਦਾ ਏ
ਜਦ ਆ ਕੇ ਸਾਵਣ ਵਸਦਾ ਏ।

2. ਸਜਰੇ ਗਮ ਤੇ ਬਹੀਆਂ ਖੁਸੀਆਂ
ਮਥੇ ਤੋਂ ਤਕਦੀਰਾਂ ਰੁਸੀਆਂ
ਝੁਲ ਗਏ ਪੁਠੜੇ ਕਾਰੇ
ਠਗ ਨਿਕਲੇ ਵਣਜਾਰੇ।

ਇਸ ਤਰ੍ਹਾਂ ਸਪਨਮਾਲਾ ਵੱਖ ਵੱਖ ਕਾਵਿ ਬਿੰਬਾ ਦੀ ਸਿਰਜਣੀ ਕਰਕੇ ਮੂਲ ਰੂਪ ਵਿੱਚ ਉਸੇ ਵੇਦਨਾ ਅਤੇ ਸੰਤਾਪ ਦਾ ਵਿਸਤਾਰ ਕਰਦੀ ਹੈ। ਮਨੁੱਖ ਦੀ ਇਹੋ ਜਿਹੀ ਮਨੋਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਉਹਦੇ ਭਾਵਾਂ ਦਾ ਕਿਧਰੇ ਵੀ ਕੋਈ ਹੁੰਗਾਰਾ ਨਹੀਂ ਭਰਿਆ ਜਾ ਰਿਹਾ ਹੁੰਦਾ। ਇਹ ਇਕ ਅਤਿ ਤ੍ਰਸਾਦਿਕ ਇਕਲੇਪਨ ਦਾ ਅਹਿਸਾਸ ਕਰਾਉਂਦਾ ਹੈ।

ਸਪਨਮਾਲਾ ਦੀ ਇਸ ਪੀੜ ਪੀਛੇ ਜਿੰਮੇਦਾਰ ਕਾਰਣਾਂ ਨੂੰ ਲਭਣ ਦਾ ਜਤਨ ਵੀ ਕੀਤਾ ਹੈ ਪਰ ਜੀਵਨ ਫਲਸਫੇ ਦੀ ਅਣਹੋਂਦ ਨੇ ਉਸਨੂੰ ਕਿਸੇ ਮੰਜ਼ਿਲ ਉੱਤੇ ਪਹੁੰਚਨ ਨਹੀਂ ਦਿਤਾ। ਉਸਦੀ ਕਵਿਤਾ "ਸਿਵਲ ਨਾ ਫਰਮਾਨੀ" ਏਸ ਤਨਾਉ ਦਾ ਰੁਪਾਂਤਰ ਹੈ। ਇਸਦੀ ਮਿਸਾਲ ਪੇਸ਼ ਹੈ :-

ਕੁਲਬੁਲ ਕੁਲਬੁਲ ਆਂਤਾ ਲੋਚਨ ਰੁਖੀ ਸੁਖੀ ਰੋਟੀ
ਮੱਠ ਹੱਡੀਆਂ ਦੀ ਪਿੰਜਰ ਲੋਚਨ ਜੁਸੇ ਤੇ ਕੋਈ ਬੋਟੀ
ਸਿਰ ਲੁਕਾਵਨ ਨੂੰ ਛੱਪਰ ਵੀ ਕੋਈ ਮਾੜੀ ਮੋਟੀ ਛੋਟੀ
ਇਹ ਮੰਗ ਬਾਗੀ ਹੋਕੇ ਫੜ ਲਏ ਤੇਜ ਰਵਾਨੀ
ਸਿਵਲ ਨਾ ਫਰਮਾਨੀ, ਸਿਵਲ ਨਾ ਫਰਮਾਨੀ

ਸਪਨਮਾਲਾ ਨੇ ਕਵਿਤਾ "ਇਨਕਲਾਬ ਜਿੰਦਾਬਾਦ' ਵਿੱਚ ਏਕਾਲਾਪ ਦੀ ਪੀੜ ਖਤਮ ਹੋ ਜਾਨ ਦੀ ਆਸ ਨੂੰ ਚਿਤਰਿਆ ਹੈ। ਜਿਵੇਂ :-

ਨਵਾਂ ਸਵੇਰਾ ਲਿਸਕੇ ਮੁਸਕੇ, ਦਿਸੇ ਹਰ ਸੂ ਲਾਲੀ
ਧੁਲ ਜਾਏ ਰਾਤਾਂ ਦੀ ਕਾਲਖ, ਕਾਲਖ ਇਹ ਮੂੰਹ ਕਾਲੀ
ਇਕ ਮੰਜਲ ਤੇ ਰਲ ਮਿਲ ਜਾਵਣ ਦਾਤਾ ਅਤੇ ਸਵਾਲੀ
ਇਨਕਲਾਬ ਜਿੰਦਾਬਾਦ, ਇਨਕਲਾਬ ਜਿੰਦਾਬਾਦ

ਸਪਨਮਾਲਾ ਦੀ ਕਵਿਤਾ ਵਿੱਚਲੇ ਭਾਵਾਂ ਦੀ ਵੇਦਨਾ ਭਰੀ ਆਵਾਜ ਵਿੱਚ ਰੋਸ (PROTEST) ਵੀ ਹੈ। ਇਹ ਰੋਸ ਹੀ ਉਸਦੇ ਵੇਦਨਾ ਦਾ ਕਾਰਣ ਹੈ। ਇਸ ਵਿੱਚ ਵੀ ਏਕਾਲਾਪ ਦੀ ਗਤੀ ਦੀ ਪਛਾਣ ਹੈ। ਇਕ ਦ੍ਰਿੜਤਾ ਹੈ ਅਤੇ ਸਿਰੜ ਹੈ। ਇਸ ਰੋਸ ਦਾ ਸਿਲਸਿਲਾ ਨਹੀਂ ਮੁਕ ਸਕਦਾ। ਉਸਦੇ ਸਅਿਰ ਵਿੱਚ :-

ਹਾਲੇ ਪਛਾਣੇ ਸੌਖੀ ਹੈ, ਇਕ ਜਿਉਂਦੀ ਲੋਥ ਦੀ।
ਬ੍ਰਿਹਾ ਨੇ ਮਾਸ ਖਾ ਲਿਆ ਹੈ, ਪਰ ਹੱਡ ਨਹੀਂ ਗਲੇ।

ਸਪਨਮਾਲਾ ਨੇ ਆਪਣ ਦਾਰਸਨਿਕ ਵਿਚਾਰਾਂ ਨੂੰ ਅਭਿਵਿਅਕਤ ਕਰਨ ਦਾ ਜਤਨ ਆਪਣੀ ਇਕ ਕਵਿਤਾ 'ਮਿਟੀ ਦੀ ਢੇਰੀ ਵਿੱਚ ਕੀਤਾ ਹੈ। ਜਿਵੇਂ :-

ਇਹ ਕਾਇਆ ਮਿੱਟੀ ਦੀ ਢੇਰੀ, ਇਸ ਮਿੱਟੀ ਵਿੱਚ ਰਲਣਾ
ਮਿੱਟੀ ਉਪਜੇ, ਮਿੱਟੀ ਸਮੇਂ, ਫਿਰ ਵੀ ਤਲੀਆਂ ਮਲਣਾ
ਮਿੱਟੀ ਔੜਨ, ਮਿੱਟੀ ਪਹਿਰਨ, ਮਿੱਟੀ ਪਾਟਣ ਸੀਵਣ
ਮਿੱਟੀ ਜੋੜਨ, ਮਿੱਟੀ ਤੋੜਨ, ਮਿੱਟੀ ਹੋਵਣ ਥੀਵਣ
ਮਿੱਟੀ ਬਰਿ ਮਿੱਟੀ ਦੀ ਰੋਦੇ, ਲੋਗੀ ਸੁਣਦੀ ਰਹਿੰਦੀ
ਮਿੱਟੀ ਆਪਣੀ ਰੰਗਣ ਤੋੜੀ, ਮਿੱਟੀ ਗੁਨਦੀ ਰਹਿੰਦੀ

.............................................

ਮਿੱਟੀ ਚੜ ਮਿੱਟੀ ਦੇ ਮੋਢੇ ਜਾਂਦੀ ਮਿੱਟੀ ਚੱਟਨ
ਸਿਵੇ ਬਾਲ੍ਹਦੇ ਨਦੀ ਰੁੜ੍ਹਾਂਦੇ ਤੇ ਕੁਝ ਕਬਰਾਂ ਪਟਨ
ਮਿੱਟੀ ਦੇ ਨਾਲ ਮਿੱਟੀ ਰਲਕੇ ਮਿੱਟੀ ਨਾਮ ਧਰ੍ਹਾਂ ਦੀ
ਮਿੱਟੀ ਦੀ ਸਿਰਜੀ ਮਿੱਟੀ, ਮੁੜ ਮਿੱਟੀ ਹੀ ਖਾਂਦੀ

ਮੋਬਾ. 9419117484

ਆਬਰੂ ਦੇ ਪਾਠਕ, ਚਾਹਵਾਨ ਅਤੇ ਸ਼ੁਭਚਿੰਤਕ ਆਪਣੀਆਂ ਨਵੀਆਂ, ਮੌਲਿਕ ਅਤੇ ਅਣਛਪੀਆਂ ਰਚਨਾਵਾਂ ਦੇ ਨਾਲ ਹੀ ਆਪਣੇ ਕੀਮਤੀ ਸੁਝਾਅ ਵੀ ਸਾਨੂੰ ਭੇਜ ਸਕਦੇ ਹਨ। ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ।

— ਅਦਾਰਾ ਆਬਰੂ